## ਐਲੀਮੈਂਟਰੀ ਅਤੇ ਸੈਕੰਡਰੀ ਐਜੂਕੇਸ਼ਨ ਐਕਟ (ESEA) ਦਾ ਟਾਈਟਲ I, ਭਾਗ A

ਉਹਨਾਂ ਵਿਦਿਆਰਥੀਆਂ ਦੀਆਂ ਵਿਦਿਅਕ ਲੋੜਾਂ ਪੂਰੀਆਂ ਕਰਨ ਵਾਸਤੇ, ਜਿਨ੍ਹਾਂ ਬਾਰੇ ਮੈਥੇਮੈਟਿਕਸ, ਰੀਡਿੰਗ ਅਤੇ ਰਾਈਟਿੰਗ ਵਿੱਚ ਰਾਜ ਦੇ ਚੁਣੌਤੀਪੂਰਨ ਪ੍ਰਦਰਸ਼ਨ ਦੇ ਮਿਆਰਾਂ ਵਿੱਚ ਫੇਲ ਹੋਣ ਦਾ ਜੋਖਮ ਹੋਵੇ, ਸਟੇਟ ਅਤੇ ਸਕੂਲ ਡਿਸਟ੍ਰਿਕਟ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਨੀ। ਟਾਈਟਲ I, ਭਾਰ A ਵਾਧੂ ਪੜ੍ਹਾਈ ਸਬੰਧੀ ਸੇਵਾਵਾਂ ਅਤੇ ਗਤੀਵਿਧੀਆਂ ਮੁਹੱਈਆ ਕਰਦਾ ਹੈ ਜੋ ਫੇਲ ਹੋ ਰਹੇ ਜਾਂ ਫੇਲ ਹੋਣ ਦੇ ਬਹੁਤ ਜੋਖਮ ਵੱਜੋਂ ਪਛਾਣੇ ਗਏ ਵਿਦਿਆਰਥੀਆਂ ਦੀ ਸਹਾਇਤਾ ਕਰਦੀਆਂ ਹਨ।




**Title I, Part A Office**
Office of Superintendent of Public Instruction
Old Capitol Building
PO Box 47200
Olympia, WA 98504-7200
360-725-6100

U.S. Department of Education
1-800-USA-LEARN (872-5327)



OSPI ਲਿੰਗ, ਨਸਲ, ਧਰਮ, ਰੰਗ, ਰਾਸ਼ਟਰੀ ਮੂਲ, ਉਮਰ, ਸਤਕਾਰ ਨਾਲ ਡਿਸਚਾਰਜ ਕੀਤਾ ਸਾਬਕਾ ਫੌਜੀ ਦਾ ਜਾਂ ਮਿਲਟਰੀ ਦਾ ਦਰਜਾ, ਲਿੰਗੀ ਪ੍ਰਗਟਾਅ ਜਾਂ ਪਛਾਣ ਸਮੇਤ ਜਿਨਸੀ ਦਿਲਚਸਪੀ, ਕਿਸੇ ਵੀ ਸੰਵੇਦੀ, ਮਾਨਸਿਕ ਜਾ ਸਰੀਰਕ ਅਸਮਰਥਾ ਦੀ ਮੌਜੂਦਗੀ, ਜਾਂ ਅਸਮਰਥਾ ਵਾਲੇ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਕੁੱਤਾ ਗਾਈਡ ਜਾਂ ਸੇਵਾ ਜਾਨਵਰ ਦੀ ਵਰਤੋਂ ਦੇ ਅਧਾਰ 'ਤੇ ਕਿਸੇ ਵਿਤਕਰੇ ਦੇ ਬਿਨਾਂ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਤਕ ਬਰਾਬਰ ਪਹੁੰਚ ਮੁਹੱਈਆ ਕਰਦਾ ਹੈ। ਕਥਿਤ ਵਿਤਕਰੇ ਬਾਰੇ ਪ੍ਰਸ਼ਨ ਜਾਂ ਸ਼ਿਕਾਇਤਾਂ ਇਕਵੈੱਲਿਟੀ ਐਂਡ ਸਿਵਿਲ ਰਾਈਟਸ ਡਾਇਰੈਕਟਰ ਨੂੰ (360) 725-6162 'ਤੇ ਜਾਂ ਇਸ ਪਤੇ 'ਤੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ: P.O. Box 47200 Olympia, WA 98504-7200.


# ਮਾਪਿਆਂ ਲਈ ਗਾਈਡ

# ਟਾਈਟਲ I, ਭਾਗ A ਕੀ ਹੈ?

√123

ABC

Punjabi

## ਟਾਈਟਲ I, ਭਾਗ A ਕਿਹੜੇ ਸਕੂਲਾਂ ਨੂੰ ਸੇਵਾ ਦਿੰਦਾ ਹੈ?

ਇਹ ਪ੍ਰੋਗਰਾਮ ਉਹਨਾਂ ਐਲੀਮੈਂਟਰੀ ਅਤੇ ਸੈਕੰਡਰੀ (ਮਿਡਲ ਅਤੇ ਹਾਈ) ਸਕੂਲਾਂ ਨੂੰ ਸੇਵਾ ਦਿੰਦਾ ਹੈ ਜਿਨ੍ਹਾਂ ਨੇ ਪੜ੍ਹਾਈ ਵਿੱਚ ਵਾਧੂ ਸਹਾਇਤਾ ਦੀ ਲੋੜ ਦਾ ਪ੍ਰਦਰਸ਼ਨ ਕੀਤਾ ਹੈ। ਟਾਈਟਲ I, ਭਾਗ A ਸੇਵਾਵਾਂ ਕਿਸੇ ਅਜਿਹੇ ਪ੍ਰਾਈਵੇਟ ਸਕੂਲ ਵਿੱਚ ਜਾ ਰਹੇ ਯੋਗ ਵਿਦਿਆਰਥੀਆਂ ਵਾਸਤੇ ਉਪਲਬਧ ਹਨ, ਜਿਸ ਨੇ ਟਾਈਟਲ I, ਭਾਗ A ਪ੍ਰੋਗਰਾਮ ਵਿੱਚ ਭਾਗ ਲੈਣ ਲਈ ਬੇਨਤੀ ਕੀਤੀ ਹੈ।

## ਟਾਈਟਲ I, ਭਾਗ A ਮੇਰੇ ਬੱਚੇ ਲਈ ਕੀ ਪੇਸ਼ ਕਰੇਗਾ?

ਟਾਈਟਲ I, ਭਾਗ A ਪ੍ਰੋਗਰਾਮ ਤੁਹਾਡੇ ਬੱਚੇ ਨੂੰ ਮੈਥ, ਰੀਡਿੰਗ ਅਤੇ ਲੈਂਗਵੇਜ਼ ਆਰਟ ਵਿੱਚ ਪੜ੍ਹਾਈ ਸਬੰਧੀ ਵਾਧੂ ਸਹਾਇਤਾ ਮੁਹੱਈਆ ਕਰੇਗਾ।

ਪੜ੍ਹਾਈ ਸਬੰਧੀ ਵਾਧੂ ਸਹਾਇਤਾ ਇਹ ਹੋ ਸਕਦੀ ਹੈ:

- ਪੜ੍ਹਾਉਣ ਵਾਲੀ ਸਮੱਗਰੀ ਜੋ ਵਿਦਿਆਰਥੀ ਦੀ ਨਿਯਮਿਤ ਪੜ੍ਹਾਈ ਤੋਂ ਵਾਧੂ ਹੁੰਦੀ ਹੈ
- ਧਿਆਪਕ ਅਤੇ ਪੜ੍ਹਾਈ ਵਿੱਚ ਸਹਾਇਤਾ ਕਰਨ ਵਾਲੀਆਂ ਚੀਜ਼ਾਂ
- ਇੱਕ-ਨਾਲ-ਇੱਕ ਜਾਂ ਛੋਟੇ ਸਮੂਹ ਵਿੱਚ ਪੜ੍ਹਾਈ

## ਮਾਪੇ

ਤੁਸੀਂ ਆਪਣੇ ਬੱਚੇ ਦੇ ਸਕੂਲ ਵਿੱਚ ਸਰਗਰਮ ਭਾਗੀਦਾਰ ਬਣ ਕੇ ਆਪਣੇ ਬੱਚੇ ਦੀ ਸਫਲਤਾ ਨੂੰ ਪ੍ਰਭਾਵਿਤ ਕਰ ਸਕਦੇ ਹੋ:

- ✓ ਗੱਲਬਾਤ ਕਰੋ: ਸੂਚਿਤ ਰਹਿਣਾ ਅਤੇ ਸਕੂਲ ਜਾਂ ਸਕੂਲ ਡਿਸਟ੍ਰਿਕਟ ਤੋਂ ਪੱਤਰ-ਵਿਹਾਰ ਦਾ ਜਲਦੀ ਨਾਲ ਜਵਾਬ ਦੇਣਾ।
- ✓ ਉਦਾਹਰਨ ਬਣੋ: ਪੜ੍ਹਨ, ਪੇਰੇਂਟ/ਟੀਚਰ ਕਾਨਫਰੰਸ ਵਿੱਚ ਹਿੱਸਾ ਲੈਣ, ਅਤੇ 'ਓਪਨ ਹਾਊਸ" ਵਿੱਚ ਹਾਜ਼ਰ ਹੋ ਕੇ ਆਪਣੇ ਬੱਚੇ ਨੂੰ ਦਿਖਾਉਣਾ ਕਿ ਸਿੱਖਿਆ ਮਹੱਤਵਪੂਰਨ ਹੈ।
- ✓ ਵਾਲੰਟੀਅਰ ਬਣੋ: ਆਪਣੇ ਬੱਚੇ ਦੇ ਸਕੂਲ ਵਿੱਚ ਵਾਲੰਟੀਅਰ ਬਣਨਾ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਮਦਦ ਕਰਨੀ। ਸਕੂਲ ਵਿੱਚ ਮਾਪਿਆਂ ਦੀ ਸ਼ਮੂਲੀਅਤ ਵਾਲੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਾ।
- ✓ ਸਿੱਖੋ: ਕਲਾਸ ਦੇ ਕੰਮ, ਹੋਮਵਰਕ, ਅਤੇ ਭਵਿੱਖ ਦੀ ਸਿੱਖਿਆ ਲਈ ਯੋਜਨਾਵਾਂ ਵਿੱਚ ਆਪਣੇ ਬੱਚੇ ਦੀ ਮਦਦ ਕਿਵੇਂ ਕਰਨੀ ਹੈ।
- ✓ ਸ਼ਾਮਲ ਹੋਵੋ: ਸਕੂਲ/ਮਾਤਾ-ਪਿਤਾ ਸੰਗਠਨਾਂ, ਸਕੂਲ ਸੁਧਾਰ ਟੀਮਾਂ, ਟਾਈਟਲ I, ਭਾਗ A ਮਾਪਿਆਂ ਲਈ ਸਲਾਹਕਾਰੀ ਕਾਉਂਸਿਲਾਂ, ਅਤੇ ਮਾਪਿਆਂ ਲਈ ਦੂਜੀਆਂ ਕਮੇਟੀਆਂ ਵਿੱਚ ਸ਼ਾਮਲ ਹੋਣਾ।
- ✓ ਭਾਈਚਾਰੇ ਨਾਲ ਸਹਿਯੋਗ ਕਰੋ: ਆਪਣੇ ਬੱਚੇ ਲਈ ਲੋੜੀਂਦੀਆਂ ਸੇਵਾਵਾਂ ਹਾਸਲ ਕਰਨ ਲਈ ਹੁਨਰ ਅਤੇ ਪ੍ਰਤਿਭਾਵਾਂ ਵਧਾਉਣ ਵਾਸਤੇ ਦੂਜੇ ਪਰਿਵਾਰਾਂ ਦੇ ਨਾਲ ਮਿਲ ਕੇ ਗਤੀਵਿਧੀਆਂ ਵਿੱਚ ਹਿੱਸਾ ਲਵੋ, ਸਥਾਨਕ ਭਾਈਚਾਰੇ ਦੇ ਸ੍ਰੋਤਾਂ (ਲਾਇਬ੍ਰੇਰੀਆਂ, ਯੂਨੀਵਰਸਿਟੀਆਂ, ਭਾਈਚਾਰਕ ਕੇਂਦਰਾਂ, ਆਦਿ) ਨੂੰ ਜਾਣੋ ਅਤੇ ਵਰਤੋ।



## ਸਕੂਲਾਂ ਨੂੰ ਟਾਈਟਲ I, ਭਾਗ A ਫੰਡ ਕਿਵੇਂ ਮਿਲਦੇ ਹਨ?

- ਪਹਿਲਾਂ, ਸੰਘੀ ਸਰਕਾਰ ਜਨ-ਗਣਨਾ ਦੇ ਅਧਾਰ ਤੇ ਹਰੇਕ ਸਟੇਟ ਨੂੰ ਫੰਡ ਮੁਹੱਈਆ ਕਰਦੀ ਹੈ।
- ਫੇਰ, ਹਰੇਕ ਸਟੇਟ ਐਜੂਕੇਸ਼ਨ ਏਜੰਸੀ (SEA) ਆਪਣੀਆਂ ਸਕੂਲ ਡਿਸਟ੍ਰਿਕਟਾਂ ਨੂੰ ਪੈਸਾ ਦਿੰਦੀ ਹੈ। ਡਿਸਟ੍ਰਿਕਟਾਂ ESEA ਟਾਈਟਲ I ਭਾਗ A ਨਿਯਮਾਂ ਦੀ ਪਾਲਣਾ ਕਰਦੇ ਹੋਏ ਟਾਈਟਲ I, ਭਾਗ A ਫੰਡਿੰਗ ਲਈ ਯੋਗ ਸਕੂਲ ਨਿਰਧਾਰਤ ਕਰਦੀਆਂ ਹਨ।
- ਅੰਤ ਵਿੱਚ, ਹਰੇਕ ਡਿਸਟ੍ਰਿਕਟ ਸਕੂਲ ਦੀ ਮੁਫ਼ਤ ਅਤੇ ਘਟਾਈ ਗਈ ਲੰਚ ਪ੍ਰਤੀਸ਼ਤਤਾ ਦੇ ਅਧਾਰ ਤੇ ਇਹ ਨਿਰਧਾਰਤ ਕਰਦੀ ਹੈ ਕਿ ਉਹਨਾਂ ਦੇ ਕਿਹੜੇ ਸਕੂਲਾਂ ਨੂੰ ਟਾਈਟਲ I, ਭਾਗ A ਪ੍ਰੋਗਰਾਮ ਦੀਆਂ ਸੇਵਾਵਾਂ ਮਿਲਣਗੀਆਂ। ਉਸ ਤੋਂ ਬਾਅਦ ਸਕੂਲ:

1. ਲੋੜੀਂਦੇ ਡਾਟਾ ਦੇ ਅਧਾਰ ਤੇ ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰੇਗਾ ਜਿਨ੍ਹਾਂ ਨੂੰ ਸਿੱਖਿਆ ਵਿੱਚ ਵਾਧੂ ਸਹਾਇਤਾ ਦੀ ਲੋੜ ਹੈ। ਟਾਈਟਲ I, ਭਾਗ A ਸੇਵਾਵਾਂ ਪ੍ਰਾਪਤ ਕਰਨ ਵਾਸਤੇ ਇਹ ਜ਼ਰੂਰੀ ਨਹੀਂ ਹੈ ਕਿ ਵਿਦਿਆਰਥੀ ਘੱਟ ਆਮਦਨੀ ਵਾਲੇ ਪਰਿਵਾਰਾਂ ਤੋਂ ਹੋਣ।
2. ਆਪਣੇ ਸਕੂਲ ਵਿੱਚ ਵਿਦਿਅਕ ਤੌਰ ਤੇ ਮੁਸ਼ਕਲ ਸਥਿਤੀਆਂ ਵਾਲੇ ਵਿਦਿਆਰਥੀਆਂ ਦੇ ਹੁਨਰਾਂ ਵਿੱਚ ਸੁਧਾਰ ਕਰਨ ਲਈ ਟੀਚੇ ਨਿਰਧਾਰਤ ਕਰਦਾ ਹੈ।
3. ਨਿਯਮਿਤ ਕਲਾਸਰੂਮ ਦੀ ਪੜ੍ਹਾਈ ਵਿੱਚ ਸਹਾਇਤਾ ਕਰਨ/ਪੂਰਕ ਪੜ੍ਹਾਈ ਜੋੜਨ ਲਈ ਹਰੇਕ ਵਿਦਿਆਰਥੀ ਵਾਸਤੇ ਪ੍ਰੋਗਰਾਮ ਵਿਕਸਿਤ ਕਰਦਾ ਹੈ।
4. ਹਰੇਕ ਵਿਦਿਆਰਥੀ ਲਈ ਟਾਈਟਲ I, ਭਾਗ A ਪ੍ਰੋਗਰਾਮ ਦੀ ਸਫਲਤਾ ਨਿਰਧਾਰਤ ਕਰਨ ਲਈ ਹਰੇਕ ਵਿਦਿਆਰਥੀ ਦੀ ਤਰੱਕੀ ਨਾਪਦਾ ਹੈ।

**ਖੋਜ ਦਿਖਾਉਂਦੀ ਹੈ ਕਿ ਜਦੋਂ ਸਕੂਲ, ਪਰਿਵਾਰ, ਅਤੇ ਭਾਈਚਾਰਕ ਸਮੂਹ ਪੜ੍ਹਾਈ ਵਿੱਚ ਸਹਾਇਤਾ ਕਰਨ ਲਈ ਮਿਲ ਕੇ ਕੰਮ ਕਰਦੇ ਹਨ, ਤਾਂ ਬੱਚੇ ਸਕੂਲਾਂ ਵਿੱਚ ਬਿਹਤਰ ਪ੍ਰਦਰਸ਼ਨ ਕਰਦੇ ਹਨ, ਲੰਬੇ ਸਮੇਂ ਤਕ ਸਕੂਲ ਵਿੱਚ ਰਹਿੰਦੇ ਹਨ, ਅਤੇ ਸਕੂਲ ਨੂੰ ਵਧੇਰੇ ਪਸੰਦ ਕਰਦੇ ਹਨ।**

ਟਾਈਟਲ I, ਭਾਗ A ਬਾਰੇ ਹੋਰ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ:

http://www.k12.wa.us/TitleI